**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਮੱਖਣ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ 9915169047
ਪਿੰਡ ਬੀਕਾ ਜਿਲਾ ਸਹੀਦ ਭਗਤ ਸਿੰਘ ਨਗਰ। ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਜਿਲਾ ਮਾਲ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਕਮਿਸ਼ਨਰ ਜਲਾ ਸਹੀਦ ਭਗਤ ਸਿੰਘ ਨਗਰ। ਉੱਤਰਦਾਤਾ

**ਅਪੀਲ ਕੇਸ ਨੰ: 3574/2019**

**ਹਾਜ਼ਰ:-**

1) ਅਪੀਲਕਰਤਾ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ਸਵੀਰ ਕੁਮਾਰੀ ਜੁ: ਸਹਾਇਕ (98720-39124)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 24-12-2019, ਲੋਕ ਸੂਚਨਾ ਅਧਿਕਾਰੀ ਜਿਲਾ ਮਾਲ ਅਫਸਰ ਜਿਲਾ ਸਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪਿੰਡ ਬੀਕਾਂ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਜਮੀਨ ਨਾਲ ਸਬੰਧਤ 10 ਨੁਕਤਿਆਂ ਬਾਰੇ ਸੂਚਨਾ ਮੰਗੀ ਗਈਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਮਖੱਣ ਸਿੰਘ, ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ।ਇਸ ਲਈ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ਸਵੀਰ ਕੁਮਾਰੀ ਜੁ: ਸਹਾਇਕ ਹਾਜ਼ਰ ਹੋਏ। ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮਿਤੀ 24-12-2019 ਨੂੰ ਲੋਕ ਸੂਚਨਾ ਅਧਿਕਾਰੀ ਨੂੰ ਬਿਨੈ ਪੱਤਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਪੱਤਰ ਨੰ: 100 /ਟੀ.ਏ. ਮਿਤੀ 04-01-2019 ਰਾਹੀਂ ਸੂਚਨਾ ਭੇਜ਼ ਦਿੱਤੀ ਗਈ ਸੀ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਪੱਤਰ ਅਨੁਸਾਰ ਅਪੀਲਕਰਤਾ ਨੂੰ ਮਿਤੀ 04-01-2019 ਨੂੰ ਪਹਿਲਾਂ ਹੀ ਉੱਤਰ ਦਿੱਤਾ ਜਾ ਚੁੱਕਾ ਹੈ। ਜਿਸਦੀ ਕਾਪੀ ਹਾਜ਼ਰ ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ੀ ਦੋਰਾਨ ਅਪੀਲਕਰਤਾ ਨੂੰ ਦਸਤੀ ਵੀ ਦੇ ਦਿੱਤੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ **ਸੁਣਵਾਈ ਲਈ ਮਿਤੀ 21-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 05 ਨਵੰਬਰ , 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗੁਰਦੀਪ ਸਿੰਘ 9815027043
215 ਅਜੀਤ ਨਗਰ ਸੁਲਤਾਨਵਿੰਡ ਰੋਡ ਅੰਮ੍ਰਿਤਸਰ।ਪਿੰਨ 143001 ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਫਰਮਜ ਐਂਡ ਸੋਸਾਇਟੀਜ ਪੰਜਾਬ,ਚੰਡੀਗੜ।

ਪਹਿਲੀ ਅਪੀਲੀ ਸੂਚਨਾ,
ਦਫਤਰ ਰਜਿਸਟਰਾਰ ਫਰਮਜ ਐਂਡ ਸੋਸਾਇਟੀਜ ਪੰਜਾਬ,ਚੰਡੀਗੜ। -------ਉੱਤਰਦਾਤਾ

**ਅਪੀਲ ਕੇਸ ਨੰ: 3613/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਰਜੀਤ ਸਿੰਘ, ਸੁਪਰਡੰਟ ਅਤੇ ਦਲਬੀਰ ਸਿੰਘ ਕਲਰਕ (98550-74811)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-04-2019, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਫਰਮਜ ਐਂਡ ਸੋਸਾਇਟੀਜ ਪੰਜਾਬ,ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਜਿਸਟਰਾਰ ਆਫ ਫਰਮਜ਼ ਤੋਂ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੋਸਾਇਟੀ ਸ੍ਰੀ ਅੰਮ੍ਰਿਤਸਰ ਦੇ ਬਾਰੇ ਸੋਸਾਈਟੀ ਦੀਆਂ ਆਡਟ ਰਿਪੋਰਟਾਂ ਸਾਲ 2014 ਤੋ. 2019 ਤੱਕ ਦੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਨਾ ਹਾਜ਼ਰ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਰਜੀਤ ਸਿੰਘ, ਸੁਪਰਡੰਟ ਅਤੇ ਦਲਬੀਰ ਸਿੰਘ ਕਲਰਕ ਹਾਜ਼ਰ ਹੋਏ। ਉਨ੍ਹਾਂ ਵਲੋਂ ਪੱਤਰ ਮੀਮੋ ਨੰ: ਰਫਸ/ਅਪੀਲ ਨੰ: 3613-14/2019/4102 ਮਿਤੀ 04-11-2019 ਪੇਸ਼ ਕੀਤਾ ਗਿਆ ਜੋ ਸ੍ਰੀ ਗੁਰਦੀਪ ਸਿੰਘ, ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਾਪੀ ਕਮਿਸ਼ਨ ਨੂੰ ਕੀਤੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਹਾਜ਼ਰ ਉੱਤਰਦਾਤਾ ਦੇ ਨੁਮਾਇੰਦਿਆਂ ਵਲੋਂ ਪੱਤਰ ਮੀਮੋ ਨੰ: ਰਫਸ/ਅਪੀਲ ਨੰ: 3613-14/2019/4102 ਮਿਤੀ 04-11-2019 ਪੇਸ਼ ਕੀਤਾ ਗਿਆ ਜਿਸ ਅਨੁਸਾਰ ਅਪੀਲਕਰਤਾ ਨੂੰ ਸੂਚਨਾ ਭੇਜੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ **ਸੁਣਵਾਈ ਲਈ ਮਿਤੀ 26-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 05 ਨਵੰਬਰ , 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗੁਰਦੀਪ ਸਿੰਘ 9815027043
215 ਅਜੀਤ ਨਗਰ ਸੁਲਤਾਨਵਿੰਡ ਰੋਡ,
ਅੰਮ੍ਰਿਤਸਰ। ਪਿੰਨ 143001 ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਫਰਮਜ ਐਂਡ ਸੋਸਾਇਟੀਜ ਪੰਜਾਬ,ਚੰਡੀਗੜ।

ਪਹਿਲੀ ਅਪੀਲੀ ਸੂਚਨਾ,
ਦਫਤਰ ਰਜਿਸਟਰਾਰ ਫਰਮਜ ਐਂਡ ਸੋਸਾਇਟੀਜ ਪੰਜਾਬ,ਚੰਡੀਗੜ। -------ਉੱਤਰਦਾਤਾ

**ਅਪੀਲ ਕੇਸ ਨੰ: 3614/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਰਜੀਤ ਸਿੰਘ, ਸੁਪਰਡੰਟ ਅਤੇ ਦਲਬੀਰ ਸਿੰਘ ਕਲਰਕ (98550-74811)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-04-2019, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਫਰਮਜ ਐਂਡ ਸੋਸਾਇਟੀਜ ਪੰਜਾਬ,ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਜਿਸਟਰਾਰ ਆਫ ਫਰਮਜ ਤੋਂ ਚੀਫ ਖਾਲਸਾ ਦਿਵਾਨ ਚੈਰੀਟੇਬਲ ਸੋਸਾਇਟੀ ਸ੍ਰੀ ਅੰਮ੍ਰਿਤਸਰ ਦੇ ਬਾਰੇ ਉਸਦੀ ਰਜਿਸਟਰੇਸ਼ਨ, ਰਜਿਸਟਰੇਸ਼ਨ ਸਰਟੀਫਿਕੇਟ ਅਤੇ ਸੋਸਾਈਟੀ ਵਲੋਂ ਫਾਈਲ ਕੀਤੀਆਂ ਆਡਿਟ ਰਿਪੋਰਟਾਂ ਤੇ ਰਿਟਰਨਾ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਨਾ ਹਾਜ਼ਰ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਰਜੀਤ ਸਿੰਘ, ਸੁਪਰਡੰਟ ਅਤੇ ਦਲਬੀਰ ਸਿੰਘ ਕਲਰਕ ਹਾਜ਼ਰ ਹੋਏ। ਉਨ੍ਹਾਂ ਵਲੋਂ ਪੱਤਰ ਮੀਮੋ ਨੰ: ਰਫਸ/ਅਪੀਲ ਨੰ: 3613-14/2019/4102 ਮਿਤੀ 04-11-2019 ਪੇਸ਼ ਕੀਤਾ ਗਿਆ ਜ਼ੋ ਸ੍ਰੀ ਗੁਰਦੀਪ ਸਿੰਘ, ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਾਪੀ ਕਮਿਸ਼ਨ ਨੂੰ ਕੀਤੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਹਾਜ਼ਰ ਉੱਤਰਦਾਤਾ ਦੇ ਨੁਮਾਇੰਦਿਆਂ ਵਲੋਂ ਪੱਤਰ ਮੀਮੋ ਨੰ: ਰਫਸ/ਅਪੀਲ ਨੰ: 3613-14/2019/4102 ਮਿਤੀ 04-11-2019 ਪੇਸ਼ ਕੀਤਾ ਗਿਆ ਜਿਸ ਅਨੁਸਾਰ ਅਪੀਲਕਰਤਾ ਨੂੰ ਸੂਚਨਾ ਭੇਜੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ **ਸੁਣਵਾਈ ਲਈ ਮਿਤੀ 26-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 05 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਰਾਮ ਸਰੂਪ ਜਿੰਦਲ 9814798995
1396 ਪ੍ਰੋਗਰੈਸਿਵ ਸੋਸਾਇਟੀ,
ਸੈਕਟਰ 50 ਬੀ ਚੰਡੀਗੜ੍ਹ। --------ਸ਼ਿਕਾਇਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ,
ਮੈਡੀਕਲ ਰਿਸਰਚ ਐਂਡ ਮੈਡੀਕਲ ਐਜੂਕੇਸ਼ਨ
ਪੰਜਾਬ,ਚੰਡੀਗੜ੍ਹ। ---------ਉੱਤਰਦਾਤਾ

<u>ਸ਼ਿਕਾਇਤ ਕੇਸ ਨੰ: 855 /2019</u>

**ਹਾਜ਼ਰ:-**

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਦਰਸ਼ੀ ਦੇਵੀ, ਸੀਨੀਅਰ ਸਹਾਇਕ (77104-10201)

**<u>ਹੁਕਮ:</u>**

ਸ਼ਿਕਾਇਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-07-2019, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਮੈਡੀਕਲ ਰਿਸਰਚ ਐਂਡ ਮੈਡੀਕਲ ਐਜੂਕੇਸ਼ਨ ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਾਇਰੈਕਟਰ, ਰਿਸਰਚ ਤੋਂ ਪੱਤਰ ਪਿੱਠ ਅੰਕਣ ਨੰ: 9118 ਮਿਤੀ 05-04-2019 ਦਾ ਹਵਾਲਾ ਦੇ ਕੇ ਸ੍ਰੀ ਰਮੇਸ਼ ਕੁਮਾਰ ਦੇ ਜੀ.ਪੀ.ਫੰਡ. ਦੀ ਅਦਾਇਗੀ ਸਬੰਧੀ 02 ਨੁਕਤਿਆਂ ਤੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-09-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਆਪਣੇ ਪੱਤਰ ਮਿਤੀ 26-10-2019 ਰਾਹੀਂ ਕਮਿਸ਼ਨ ਨੂੰ ਲਿਖਿਆ ਗਿਆ ਸੀ ਕਿ ਉਹ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਇਹ ਕੇਸ ਅਗਲੀ ਮਿਤੀ 18-11-2019 ਨੂੰ ਨਿਸਚਿਤ ਕੀਤਾ ਜਾਵੇ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਦਰਸ਼ੀ ਦੇਵੀ, ਸੀਨੀਅਰ ਸਹਾਇਕ ਹਾਜ਼ਰ ਹੋਈ। ਉਸ ਵਲੋਂ ਪੱਤਰ ਨੰ: ਜੀ.ਪੀ.ਐਫ.-3-ਪੰ:-2019/14157 ਮਿਤੀ 30-07-2019 ਅਤੇ ਪੱਤਰ ਨੰ: ਜੀ.ਪੀ.ਐਫ.-3-ਪੰ:-2019/20343 ਮਿਤੀ 04-11-2019 ਪੇਸ਼ ਕੀਤੇ ਗਏ। ਪੱਤਰ ਮਿਸਲ ਤੇ ਰੱਖ ਲਏ ਗਏ ਹਨ।

4. ਸ਼ਿਕਾਇਤਕਰਤਾ ਵਲੋਂ ਕੀਤੀ ਗਈ ਬੇਨਤੀ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਪੱਤਰਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਮਿਤੀ 09-07-2019 ਨੂੰ ਬਿਨੈ ਪੱਤਰ ਦਿੱਤਾ ਸੀ ਜਿਸ ਸਬੰਧੀ ਉੱਤਰਦਾਤਾ ਵਲੋਂ ਆਪਣੇ ਉਕਤ ਪੱਤਰ ਮਿਤੀ 30-07-2019 ਰਾਹੀਂ ਬਣਦੀ ਸੂਚਨਾ ਮਿਥੇ ਸਮੇਂ ਦੇ ਅੰਦਰ ਅੰਦਰ ਦੇ ਦਿੱਤੀ ਗਈ ਸੀ। ਇਸ ਉਪਰੰਤ ਮੁੜ ਪੱਤਰ ਮਿਤੀ 04-11-2019 ਨੂੰ ਵੀ ਸੂਚਨਾ ਭੇਜ਼ ਦਿੱਤੀ ਗਈ ਹੈ। ਇਸ ਲਈ ਕਮਿਸ਼ਨ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ/ਉੱਤਰ ਤੋਂ ਸੰਤੁਸ਼ਟ ਹੈ। ਇਸ ਲਈ **<u>ਇਹ ਸ਼ਿਕਾਇਤ ਕੇਸ ਦਾਖਲ ਦਫਤਰ ਕੀਤਾ</u>** ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 05 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਕਰਮਜੀਤ ਸਿੰਘ 9988627312
111 ਅਰਬਨ ਇਸਟੇਟ ਫੋਕਲ ਪੁਆਂਇਟ ਰਾਜਪੁਰਾ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਲੀਗਲ ਮੀਟਰੋਲਜੀ ਪੰਜਾਬ,
ਅਨਾਜ ਭਵਨ ਸੈਕਟਰ 39 ਸੀ ਚੰਡੀਗੜ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 858 /2019**

**ਹਾਜ਼ਰ:-**

1) ਸ਼ਿਕਾਇਤਕਰਤਾ ਅਤੇ ਸ਼੍ਰੀ ਤੁਸ਼ਾਂਤ ਰਿੱਸ਼ੀ, ਵਕੀਲ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਬਲਵੀਰ ਸਿੰਘ ਸੁਪਰਡੰਟ (97804-25473) ਸਰਬਜੀਤ ਕੌਰ,ਸੀ.ਸਹਾਇਕ (99150-77098) ਅਤੇ ਅਨੀਰੂਧ ਔਹਜਾ, ਨਿਰੀਖਕ (99157 -85677)

**ਹੁੱਕਮ:**

ਸ਼ਿਕਾਇਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-06-2019, ਲੋਕ ਸੂਚਨਾ ਅਧਿਕਾਰੀ ਲੋਕ ਸੂਚਨਾ ਅਧਿਕਾਰੀ,ਦਫਤਰ ਲੀਗਲ ਮੀਟਰੋਲਜੀ ਪੰਜਾਬ,ਅਨਾਜ ਭਵਨ ਸੈਕਟਰ 39 ਸੀ ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਾਜਪੁਰਾ ਸੈਂਟਰ ਦੇ ਅਧੀਨ ਕਲਾਸ ।। ਅਤੇ 111 ਦੇ ਇਲਕਟਰੋਨਿਕ, ਫਰਸ਼ੀ ਅਤੇ ਮੈਨੂਅਲ ਕੰਡਿਆਂ ਨਾਲ ਸਬੰਧਤ 05 ਨੁਕਤਿਆਂ ਤੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਸ੍ਰੀ ਕਰਮਜੀਤ ਸਿੰਘ ਅਤੇ ਸ੍ਰੀ ਤੁਸ਼ਾਂਤ ਰਿੱਸ਼ੀ, ਵਕੀਲ ਹਾਜ਼ਰ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਉਨ੍ਹਾਂ ਨੂੰ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਵੀਰ ਸਿੰਘ ਸੁਪਰਡੰਟ , ਸ੍ਰੀ ਸਰਬਜੀਤ ਸਿੰਘ ਅਤੇ ਅਨੀਰੂਧ ਔਹਜਾ ਪੇਸ਼ੀ ਤੇ ਹਾਜ਼ਰ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਨੂੰ ਪੱਤਰ ਮੀਮੋ ਨੰ: 356-57 ਮਿਤੀ 31-10-2019 ਜ਼ੋ ਸ਼ਿਕਾਇਤਕਰਤਾ ਨੂੰ ਸੰਬੋਧਤ ਹੈ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਮਿਤੀ 21-06-2019 ਨੂੰ ਬਿਨੈ ਪੱਤਰ ਦਿੱਤਾ ਗਿਆ ਸੀ ਅਤੇ ਉੱਤਰ ਉਨ੍ਹਾਂ ਵਲੋਂ ਮਿਤੀ 31-10-2019 ਨੂੰ ਦਿੱਤਾ ਗਿਆ ਹੈ। ਉੱਤਰ ਲੇਟ ਦਿੱਤਾ ਗਿਆ ਹੈ, ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਡਿਟੇਲ ਵਿਚ ਉੱਤਰ ਦਿੱਤਾ ਜਾਵੇ । ਇਸ ਹਦਾਇਤ ਨਾਲ ਇਹ ਕੇਸ ਅਗਲੀ **ਸੁਣਵਾਈ ਲਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 05 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜ ਕ੍ਰਿਪਾਲ ਸਿੰਘ, (98152-43951, 887726-22551)
ਪਿੰਡ ਮੋਹਲਾਂ, ਡਾਕਖਾਨਾ ਅਲਾਮਵਾਲਾ,
ਤਹਿਸੀਲ ਮਲੋਟ, ਜਿਲਾ ਸ੍ਰੀ ਮੁਕਤਸਰ ਸਾਹਿਬ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜ) ਪੰਜਾਬ,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਸਕੱਤਰ, ਉਚੇਰੀ ਸਿੱਖਆ,ਪੰਜਾਬ,
ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 2467/2019**

**ਹਾਜ਼ਰ:-**

1) ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ)ਵੱਲੋਂ ਸ੍ਰੀ ਸਰਬਜੀਤ ਸਿੰਘ, ਸੀਨੀਅਰ ਸਹਾਇਕ (98550-55505)

**ਹੁੱਕਮ:**

ਪਿਛਲੀ ਪੇਸ਼ੀ ਮਿਤੀ 15-10-2019 ਨੂੰ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਵੀ ਕੋਈ ਹਾਜ਼ਰ ਨਹੀਂ ਸੀ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਉਨ੍ਹਾਂ ਦਾ ਪੇਸ਼ੀ ਵਿਚ ਹਾਜ਼ਰ ਹੋਣਾ ਬਣਦਾ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਪੇਸ਼ੀ ਤੇ ਲਾਗਾਤਾਰ 2 ਪੇਸ਼ੀਆਂ ਤੇ ਹਾਜ਼ਰ ਨਾ ਹੋਣਾ ਅਤੇ ਨਾ ਹੀ ਆਪਣਾ ਕੋਈ ਨੁਮਾਇੰਦਾ ਭੇਜਣ ਬਾਰੇ ਆਪਣਾ ਸੱਪਸ਼ਟੀਕਰਨ ਦਿੱਤਾ ਜਾਵੇ। ਇਸ ਦੇ ਨਾਲ ਹੀ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਆਰ.ਟੀ.ਆਈ. ਐਕਟ, 2005, ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾ ਕੇ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ।ਹੁਕੱਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਆਰ.ਟੀ.ਆਈ. ਐਕਟ ਤਹਿਤ ਅਗਲੀ ਕਾਰਵਾਈ ਅਰੰਭੀ ਜਾਵੇਗੀ। ਅਪੀਲਕਰਤਾ ਨੂੰ ਵੀ ਹਦਾਇਤ ਕੀਤੀ ਗਈ ਸੀ ਕਿ ਅਗਲੀ ਪੇਸ਼ੀ ਦੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ।ਇਸ ਹਦਾਇਤ ਨਾਲ ਇਹ ਕੇਸ ਅਗਲੀ ਮਿਤੀ 05-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਰਾਜਕ੍ਰਿਪਾਲ ਸਿੰਘ ਅੱਜ ਪੇਸ਼ੀ ਤੇ ਹਾਜ਼ਰ ਹੋਏ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸਰਬਜੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਇਆ। ਉਨ੍ਹਾਂ ਵਲੋਂ ਪੱਤਰ ਮੀਮੋ ਨੰ: 20/80-2019 ਗਰਾਂਟ -1(4)/562 ਮਿਤੀ 04-11-2019 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਕਾਪੀ ਕੀਤੀ ਗਈ ਅਤੇ ਪੱਤਰ ਮਿਤੀ 04-11-2019 ਡਿਪਟੀ ਡਾਇਰੈਕਟਰ ਲੋਕ ਸੂਚਨਾ ਅਧਿਕਾਰੀ ਵਲੋਂ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਗਏ ਹਨ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਐਪਲੀਕੇਟ ਨੇ ਅਰਜੀ ਮਿਤੀ 03-11-2018 ਨੂੰ ਦਿੱਤੀ ਸੀ। ਇਸ ਸਬੰਧੀ ਨਾ ਤਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਉੱਤਰ ਦਿੱਤਾ ਗਿਆ ਅਤੇ ਨਾ ਹੀ ਪਿਛਲੀਆਂ ਮਿਤੀਆਂ ਤੇ ਕੋਈ ਹਾਜ਼ਰ ਹੋਇਆ। ਉੱਤਰਦਾਤਾ ਵਲੋਂ ਜਿਹੜਾ ਉੱਤਰ ਐਪਲੀਕੈਂਟ ਨੂੰ ਭੇਜਿਆ ਗਿਆ ਹੈ ਉਸਤੇ ਮਿਤੀ 04-11-2019 ਦਾ ਡਿਸਪੈਚ ਨੰਬਰ ਲਗਾ ਹੈ। ਜਦੋਂ ਹਾਜ਼ਰ ਉੱਤਰਦਾਤਾ ਨੂੰ ਪੁੱਛਿਆ ਗਿਆ ਕਿ ਲੇਟ ਉੱਤਰ ਦੇਣ ਦਾ ਕੀ ਕਾਰਨ ਹੈ ਤਾਂ ਉਹ ਸਪੱਸ਼ਟ ਉੱਤਰ ਨਹੀਂ ਦੇ ਸਕਿਆ ਨਾ ਹੀ ਇਸ ਤੋਂ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 2467/2019

ਇਸ ਤੋਂ ਪਹਿਲਾਂ ਭੇਜਿਆ ਕੋਈ ਪੱਤਰ ਹੀ ਵਿਖਾਇਆ ਗਿਆ ਹੈ। ਇਸ ਲਈ ਉੱਤਰਦਾਤਾ ਨੂੰ ਇਕ ਹੋਰ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਸਪਸ਼ੱਟ ਕਰੇ ਕਿ ਉਨ੍ਹਾਂ ਨੇ ਅਪੀਲਕਰਤਾ ਨੂੰ ਉੱਤਰ ਦੇਣ ਵਿਚ ਇਨ੍ਹਾਂ ਸਮਾਂ ਕਿਉਂ ਲਿਆ ਗਿਆ। ਉਨ੍ਹਾਂ ਨੂੰ ਕਿਉਂਨਾ ਹਰਜਾਨਾ/ਜੁਰਮਾਨਾ ਪਾਇਆ ਜਾਵੇ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ **ਸੁਣਵਾਈ ਲਈ ਮਿਤੀ** 21-11-2019 **ਨੂੰ ਸਵੇਰੇ** 11:30 **ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 05 **ਨਵੰਬਰ ,** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਐੱਸ.ਪੀ. ਗੋਇਲ (9820239110)
2- ਸੀ, ਸਰਾਬਾ ਨਗਰ ,ਨਵ ਦੁਰਗਾ
ਮੰਦਰ/ ਗੁਰੂਦਵਾਰਾ ਰੋਡ, ਲੁਧਿਆਣਾ । ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪੰਜਾਬ ਸਮਾਲ ਸਕੇਲ ਇੰਡਸਟਰੀਜ ਐਂਡ ਐਕਸਪੋਰਟ
ਕਾਰਪੋਰੇਸ਼ਨ ਲਿਮਿਟਿਡ ਸੈਕਟਰ 17,ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 610/2019**

**ਹਾਜ਼ਰ:-** 1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸੁਰੇਸ਼ ਕੁਮਾਰ, ਐਸ.ਓ. (94634-90629) ਅਤੇ ਸ੍ਰੀ ਮੁਕੇਸ਼ ਕੁਮਾਰ ਜੂਨੀਅਰ ਅਗਜੈਕਟਿਵ (94469-64477)

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 15-10-2019 ਨੂੰ ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਸੀ ਹੋਇਆ, ਪ੍ਰੰਤੂ ਉਸ ਵਲੋਂ ਈ.ਮੇਲ. ਰਾਹੀਂ ਆਪਣੇ ਪੱਤਰ ਨੰ: ਐਸ-1367 (Q ) (1) /JS /1664 ਮਿਤੀ 14-10-2019 ਰਾਹੀਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦਸਿਆ ਗਿਆ ਕਿ ਉਤਰਦਾਤਾ ਵਲੋਂ ਜਾਣਬੁਝ ਕੇ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਰਹੀ ਇਸ ਲਈ ਉਨ੍ਹਾਂ ਨੂੰ 25,000/- ਹਰਜ਼ਾਨਾ ਪਾਇਆ ਜਾਵੇ। ਉਸ ਵਲੋਂ ਇਹ ਵੀ ਦਸਿਆ ਗਿਆ ਕਿ ਸਬੰਧਤਾਂ ਨੂੰ ਲੀਗਲ ਨੋਟਿਸ ਵੀ ਦਿੱਤਾ ਗਿਆ ਹੈ। ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸੁਰੇਸ਼ ਕੁਮਾਰ, ਐਸ.ਓ ਹਾਜ਼ਰ ਹੋਇਆ। ਉਸ ਵਲੋਂ ਲੋਕ ਸੂਚਨਾ ਅਧਿਕਾਰੀ ਵਲੋਂ ਲਿਖਿਆ ਪੱਤਰ ਨੰ: ਪੀ.ਐਸ.ਆਈ.ਈ.ਸੀ./ਆਰ.ਟੀ.ਆਈ/ਪੀ.ਆਈ.ਓ/31615 ਮਿਤੀ 14-10-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਨ੍ਹਾਂ ਵਲੋਂ ਦਸਿਆ ਗਿਆ ਕਿ ਮਿਤੀ 09-10-2019 ਨੂੰ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਦਿੱਤੀ ਗਈ ਸੀ। ਸ਼ਿਕਾਇਤਕਰਤਾ ਵਲੋਂ ਮਿਤੀ 24-05-2019 ਨੂੰ ਮਹਿਕਮੇ ਨੂੰ ਅਰਜ਼ੀ ਦਿੱਤੀ ਸੀ ਜਿਸਦਾ ਉੱਤਰ ਉਨ੍ਹਾਂ ਵਲੋਂ ਮਿਤੀ 09-10-2019 ਨੂੰ ਦਿੱਤਾ ਗਿਆ। ਪੇਸ਼ੀ ਤੇ ਹਾਜ਼ਰ ਉੱਤਰਦਾਤਾ ਨੂੰ ਪੁਛਿਆ ਗਿਆ ਕਿ ਵਿਸਥਾਰਪੂਰਵਕ ਦਸੋ ਕਿ ਮਿਤੀ 24-05-2019 ਤੋਂ ਬਾਅਦ ਪਹਿਲਾ ਪੱਤਰ ਸ਼ਿਕਾਇਤਕਰਤਾ ਨੂੰ ਕਦੋਂ ਲਿਖਿਆ ਅਤੇ ਅਗਰ ਕੋਈ ਹੋਰ ਪੱਤਰ ਪ੍ਰਾਪਤ ਹੋਇਆ ਤਾਂ ਉਸਦਾ ਉੱਤਰ ਕਦੋਂ ਦਿੱਤਾ ਗਿਆ ਅਤੇ ਜੇਕਰ ਇਹ ਪਹਿਲਾ ਪੱਤਰ ਹੈ ਤਾਂ ਉੱਤਰ ਲੇਟ ਕਿਉਂ ਦਿੱਤਾ ਗਿਆ ਸਬੰਧੀ ਸਪਸਟੀਕਰਨ ਦਿੱਤਾ ਜਾਵੇ। ਇਸ ਦੇ ਨਾਲ ਹੀ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੇ ਜੇਕਰ ਕੋਈ ਤਰੁੱਟੀਆਂ ਪਾਈਆਂ ਜਾਦੀਆਂ ਹਨ ਤਾਂ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਦੋਨਾਂ ਧਿਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ_ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਪ੍ਰਾਪਤ ਹੋਏ ਉੱਤਰ ਤੇ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਈ.ਮੇਲ. ਮਿਤੀ 03-11-2019 ਨੂੰ ਕਮਿਸ਼ਨ ਨੂੰ ਭੇਜੀ ਗਈ ਹੈ ਅਤੇ ਉੱਤਰਦਾਤਾ ਨੂੰ ਕੋਈ ਕਾਪੀ ਨਹੀਂ ਭੇਜੀ ਗਈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ ਅਤੇ ਇਕ ਕਾਪੀ ਉੱਤਰਦਾਤਾ ਨੂੰ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸੁਰੇਸ਼ ਕੁਮਾਰ, ਐਸ.ਓ. ਅਤੇ ਸ੍ਰੀ ਮੁਕੇਸ਼ ਕੁਮਾਰ ਜੂਨੀਅਰ ਅਗਜੈਕਟਿਵ ਪੇਸ਼ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਉਨ੍ਹਾਂ ਨੂੰ ਸਿੱਧੇ ਤੌਰ ਤੇ ਸ਼ਿਕਾਇਤਕਰਤਾ ਵਲੌਂ ਕੋਈ ਤਰੁੱਟੀਆਂ ਨਹੀਂ ਭੇਜੀਆਂ ਗਈਆਂ। ਅੱਜ ਪੇਸ਼ੀ ਦੋਰਾਨ ਸ਼ਿਕਾਇਤਕਰਤਾ ਵਲੋਂ ਪ੍ਰਾਪਤ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਦੇ ਦਿੱਤਾ ਗਿਆ ਹੈ। ਉੱਤਰਦਾਤਾ ਵਲੋਂ ਪ੍ਰਾਪਤ ਤਰੁੱਟੀਆਂ ਨੂੰ ਦੂਰ ਕਰਨ ਲਈ ਸਮੇ ਦੀ ਮੰਗ ਕੀਤੀ ਗਈ। ਇਸ ਲਈ ਉੱਤਰਦਾਤਾ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਏ ਇਹ ਸ਼ਿਕਾਇਤ ਕੇਸ ਅਗਲੀ **ਸੁਣਵਾਈ ਮਿਤੀ 26-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 05 ਨਵੰਬਰ , 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਿਵੇਕ ਮਾਰਕੰਡਾ,
ਮਕਾਨ ਨੰ:12, ਟੀਚਰ ਕਲੌਨੀ,
ਨਵਾਂ ਸ਼ਹਿਰ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਆਫ ਕੰਪਨੀਜ਼, ਪੰਜਾਬ,
ਚੰਡੀਗੜ੍ਹ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 405/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪਰਮਜੀਤ ਸਿੰਘ, ਜੇ.ਟੀ.ਏ. (98712-59640)।

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 19-01-2019 ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਆਫ ਕੰਪਨੀਜ਼, ਪੰਜਾਬ, ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸ਼ੂਗਰ ਮਿੱਲ ਨਵਾਂ ਸ਼ਹਿਰ ਵਿੱਚ ਸਥਿਤ ਕੋ-ਜਨਰੇਸ਼ਨ ਪਾਵਰ ਪਲਾਂਟ, ਲਿਮਟਿਡ (ਰਜਿਸਟਰੇਸ਼ਨ ਨੰ:31581) ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 30-04-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 26-06-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 30-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਇਸ ਉਪਰੰਤ ਨਿਸਚਿਤ ਮਿਤੀਆਂ ਤੇ ਸ਼ਿਕਾਇਤਕਰਤਾ ਵਲੋਂ ਹਾਜ਼ਰ ਹੋਣ ਦੀ ਬਜਾਏ ਵੀਡੀਓ ਕਾਨਫਰੰਸ ਰਾਹੀਂ ਸੁਣਵਾਈ ਲਈ ਬੇਨਤੀ ਦੇ ਨਾਲ ਨਾਲ ਈ.ਮੇਲ.ਅਤੇ ਡਾਕ ਰਾਹੀਂ ਕਮਿਸ਼ਨ ਨੂੰ ਲਿਖਿਆ ਜਾਂਦਾ ਰਿਹਾ ਕਿ ਵੀਡੀਓ.ਕਾਰਨਫਰੰਸ ਕਰਵਾਈ ਜਾਵੇ। ਇਸ ਸਬੰਧੀ ਪਿਛਲੀ ਪੇਸੀ ਦੀ ਮਿਤੀ 15-10-2019 ਨੂੰ ਵੀ ਸ਼ਿਕਾਇਤਕਰਤਾ ਪੇਸ਼ੀ ਤੇ ਹਾਜਰ ਨਹੀਂ ਹੋਇਆ ਅਤੇ ਆਪਣੇ ਪੱਤਰ ਮਿਤੀ 07-10-2019 ਰਾਹੀਂ ਮੁੜ ਵੀਡੀਓ ਕਾਨਫਰੰਸ ਦੇ ਨਾਲ ਨਾਲ ਮਾਣਯੋਗ ਹਾਈ ਕੋਰਟ ਦੇ ਫੈਸਲੇ ਦੇ ਹਵਾਲੇ ਤੋਂ ਇਲਾਵਾ ਉੱਤਰਦਾਤਾ ਦੇ ਮਿਤੀ 26-09-2019 ਨੂੰ ਬਿਆਨ ਦਾ ਹਵਾਲਾ ਦਿੰਦੇ ਹੋਏ ਮਿਤੀ 22-08-2019 ਨੂੰ ਦਿੱਤੇ ਉੱਤਰ ਤੇ ਇਤਰਾਜ ਉਠਾਇਆ ਕਿ ਜਦੋਂ ਆਰ.ਟੀ.ਆਈ.ਪ੍ਰਾਪਤ ਨਹੀਂ ਹੋਈ ਤਾਂ ਉੱਤਰ ਕਿਵੇ ਦਿੱਤਾ ਗਿਆ, ਜਦੋਂ ਕਿ ਇਸ ਸਬੰਧੀ ਸਥਿਤੀ ਹੁਕੱਮ ਮਿਤੀ 30 ਜੁਲਾਈ 2019 ਦੇ ਹੁਕੱਮਾਂ ਵਿਚ ਸਪਸਟ ਕਰ ਦਿੱਤੀ ਗਈ ਸੀ। ਦੋਨਾਂ ਧਿਰਾਂ ਵਲੋਂ ਪੇਸ਼ ਕੀਤੇ ਗਏ ਰਿਕਾਰਡ ਅਤੇ ਦਿੱਤੀਆਂ ਗਈਆਂ ਦਲੀਲਾਂ ਨੂੰ ਮੁੱਖ ਰਖਦੇ ਹੋਏ ਸ਼ਿਕਾਇਤਕਰਤਾ ਨੂੰ ਆਖਰੀ ਮੌਕਾ ਦਿੰਦੇ ਹੋਏ ਮੁੜ ਹਦਾਇਤ ਕੀਤੀ ਗਈ ਸੀ ਕਿ ਇਹ ਕੇਸ ਆਹਮਣੇ-ਸਾਹਮਣੇ ਹੋ ਕੇ ਸੁਲਝਣ ਵਾਲਾ ਹੈ ਨਾਂ ਕਿ ਵੀਡੀਓ ਕਾਂਨਫਰੰਸ ਰਾਹੀਂ। ਇਸ ਲਈ ਉਸਦੀ ਵੀਡੀਓ ਕਾਂਨਫਰਸ ਸਬੰਧੀ ਬੇਨਤੀ ਨੂੰ ਰੱਦ ਕਰਦੇ ਹੋਏ ਸ਼ਿਕਾਇਤਕਰਤਾ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਉਹ ਅਗਲੀ ਪੇਸ਼ੀ ਤੇ ਹਾਜ਼ਰ ਹੋਣਾ ਯਕੀਨੀ ਬਣਾਏ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 05/11/2019 ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਵੀ ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪਰਮਜੀਤ ਸਿੰਘ, ਜੇ.ਟੀ.ਏ ਪੇਸ਼ ਹੋਇਆ।

5. ਅੱਜ ਪੇਸ਼ੀ ਤੇ ਉੱਤਰਦਾਤਾ ਵਲੋਂ ਸ੍ਰੀ ਪਰਮਜੀਤ ਸਿੰਘ,ਜੇ.ਟੀ.ਏ. ਪੇਸ਼ ਹੋਇਆ ਪਰ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਜਦੋਂ ਕਿ ਸ਼ਿਕਾਇਤਕਰਤਾ ਦੀ ਵੀਡੀਓ ਕਾਨਫਰੰਸ ਦੀ ਮੰਗ ਨੂੰ ਰੱਦ ਕਰਦੇ ਹੋਏ ਸਪੱਸ਼ਟ ਕੀਤਾ ਗਿਆ ਸੀ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ: 405/2019**

ਕਿ ਇਹ ਮਾਮਲਾ ਵੀਡੀਓ ਕਾਨਫਰੰਸ ਰਾਹੀਂ ਸੁਲਝਣ ਵਾਲਾ ਨਹੀਂ ਆਹਮਣੇ ਸਾਹਮਣੇ ਹੋ ਕੇ ਸੁਲਝਣ ਵਾਲਾ ਹੈ। ਸ਼ਿਕਾਇਤਕਰਤਾ ਨੂੰ ਸਪੱਸ਼ਟ ਕੀਤਾ ਗਿਆ ਸੀ ਕਿ ਇਹ ਉਸਨੂੰ ਆਖਰੀ ਮੌਕਾ ਦਿਤਾ ਗਿਆ ਹੈ ਕਿ ਉਹ ਅਗਲੀ ਪੇਸ਼ੀ ਤੇ ਹਾਜ਼ਰ ਹੋਣਾ ਯਕੀਨੀ ਬਣਾਏ। ਪਰ ਸ਼ਿਕਾਇਤਕਰਤਾ ਅੱਜ ਵੀ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ। ਇਸ ਲਈ ਰਿਕਾਰਡ ਤੇ ਆਏ ਦਸਤਾਵੇਜ਼ਾਂ ਨੂੰ ਘੋਖਣ ਉਪਰੰਤ ਉੱਤਰਦਾਤਾ ਵਲੋਂ ਦਸੇ ਅਨੁਸਾਰ ਉਨ੍ਹਾਂ ਵਲੋਂ ਨਿੱਜੀ ਪੱਧਰ ਤੇ ਆਰ.ਟੀ.ਆਈ. ਦੀ ਅਰਜੀ ਪ੍ਰਾਪਤ ਕਰਨ ਉਪਰੰਤ ਪੇਸ਼ੀ ਦੀ ਦੂਜੀ ਮਿਤੀ ਤੋਂ ਪਹਿਲਾਂ ਪਹਿਲਾਂ ਸ਼ਿਕਾਇਤਕਰਤਾ ਨੂੰ ਬਣਦੀ ਸੂਚਨਾ ਭੇਜ਼ ਦਿੱਤੀ ਗਈ ਹੈ, ਜਿਸ ਤੋਂ ਉਨ੍ਹਾਂ ਦੀ ਮਨਸ਼ਾ ਸ਼ਿਕਾਇਤਕਰਤਾ ਨੂੰ ਸੂਚਨਾ ਨਾ ਦੇਣ ਦੀ ਨਹੀਂ ਜਾਪਦੀ। ਇਸ ਲਈ ਉੱਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੋਂ ਸੰਤੁਸ਼ਟ ਹੈ, ਇਸ ਲਈ **ਇਹ ਸ਼ਿਕਾਇਤ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 05 ਨਵੰਬਰ , 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗੁਰਮੀਤ ਸਿੰਘ 9876269776
ਵਾਸੀ ਪਿੰਡ ਕਿਕਰ ਖੇੜਾ ਤਹਿਸੀਲ ਅਬੋਹਰ
ਜ਼ਿਲਾ ਫਾਜਿਲਕਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ ਕਾਰਜਕਾਰੀ ਇੰਜੀਨਿਅਰ ਵਿਜੀਲੈਂਸ ਬਿਉਰੋ ,
ਟੈਕਨੀਕਲ ਟੀਮ 2 ਪੰਜਾਬ,ਚੰਡੀਗੜ।

ਪਹਿਲੀ ਅਪੀਲੀ ਅਥਾਰਟੀ ਕਮ
ਡਾਇਰੈਕਟਰ ਵਿਜੀਲੈਂਸ ਬਿਉਰੋ,ਪੰਜਾਬ, ਚੰਡੀਗੜ। ---------ਉੱਤਰਦਾਤਾ

**ਅਪੀਲ ਕੇਸ ਨੰ: 3291/2019**

**ਹਾਜ਼ਰ:-**

1) ਅਪੀਲਕਰਤਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਜੇਸ਼ ਕੁਮਾਰ ਐਸ.ਆਈ.

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-05-2019, ਦਫਤਰ ਕਾਰਜਕਾਰੀ ਇੰਜੀਨਿਅਰ ਵਿਜੀਲੈਂਸ ਬਿਉਰੋ ,ਟੈਕਨੀਕਲ ਟੀਮ 2 ਪੰਜਾਬ,ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮੁੱਖ ਡਾਇਰੈਕਟਰ, ਵਿਜੀਲੈਂਸ ਬਿਉਰੋ ਪੰਜਾਬ ਚੰਡੀਗੜ੍ਹ ਦੇ ਪੱਤਰ ਪਿੱਠ ਅੰਕਣ ਨੰ: 23081 /ਵਬ/ਐਸ-।। ਮਿਤੀ 01-06-2015 ਦੇ ਭੇਜੇ ਰਿਕਾਰਡ ਸਬੰਧੀ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 05-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ 15-10-2019 ਲਈ ਨਿਸਚਿਤ ਕੀਤਾ ਗਈ ਸੀ।

ਪਿਛਲੀ ਪੇਸ਼ੀ ਦੀ ਮਿਤੀ 15-10-2019 ਨੂੰ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਪੱਤਰ ਮਿਤੀ 27-09-2019 ਰਾਹੀਂ ਬੇਨਤੀ ਕੀਤੀ ਗਈ ਸੀ ਕਿ ਇਹ ਕੇਸ ਮਿਤੀ 18-10-2019 ਨੂੰ ਲਾਇਆ ਜਾਵੇ ਕਿਉਂਜ਼ੋ ਮਿਤੀ 18-10-2019 ਨੂੰ ਮਾਨਯੋਗ ਅਸਿੱਤ ਜ਼ੌਲੀ, ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿਚ ਉਸਦਾ ਕੇਸ ਲਗਾ ਹੈ। ਅਪੀਲਕਰਤਾ ਕੋਰਟ ਖਤਮ ਹੋਣ ਉਪਰੰਤ ਹਾਜ਼ਰ ਹੋਇਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਜੇਸ਼ ਕੁਮਾਰ, ਐਸ.ਆਈ. ਪੇਸ਼ੀ ਤੇ ਹਾਜ਼ਰ ਹੋਏ । ਉਸ ਵਲੋਂ ਲੋਕ ਸੂਚਨਾ ਅਧਿਕਾਰੀ ਦਾ ਪੱਤਰ ਨੰ: 46613 /ਵਬ/ਐਸ-14, ਮਿਤੀ 11-10-2019 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਸੀ। ਇਸ ਪੱਤਰ ਦਾ ਇਕ ਉਤਾਰਾਂ ਅਪੀਲਕਰਤਾ ਨੂੰ ਵੀ ਕੀਤਾ ਗਿਆ , ਪਰ ਉਹ ਹਾਜ਼ਰ ਨਹੀਂ ਸੀ ਅਤੇ ਕੋਰਟ ਖਤਮ ਹੋਣ ਉਪਰੰਤ ਹਾਜ਼ਰ ਹੋਗਿਆ ਸੀ। ਇਸ ਲਈ ਕਮਿਸ਼ਨ ਦੀ ਪ੍ਰਵਾਨਗੀ ਉਪਰੰਤ ਉਤਰਦਾਤਾ ਦੇ ਨੁਮਾਇੰਦੇ ਵਲੋਂ ਅਪੀਲਕਰਤਾ ਨੂੰ ਉਕਤ ਉੱਤਰ ਦੀ ਕਾਪੀ ਦੱਸਤੀ ਦੇ ਦਿੱਤੀ ਗਈ ਸੀ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੇ ਜੇਕਰ ਕੋਈ ਤਰੁੱਟੀਆਂ ਪਾਈਆਂ ਜਾਦੀਆਂ ਹਨ ਤਾਂ 10 ਦਿਨਾਂ ਦੇ ਅੰਦਰ ਅੰਦਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਉੱਤਰਦਾਤਾ ਇਸ ਦੀ ਪੂਰਤੀ ਤੁਰੰਤ ਕਰੇ। ਇਸ ਦੇ ਨਾਲ ਹੀ ਦੋਨਾਂ ਧਿਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਗੁਰਮੀਤ ਸਿੰਘ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਸੂਚਨਾ ਪ੍ਰਾਪਤ ਹੋ ਗਈ ਹੈ, ਜਿਸਤੋਂ ਉਹ ਸੰਤੁਸ਼ਟ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਜੇਸ਼ ਕੁਮਾਰ ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਨੂੰ ਸੂਚਨਾ ਪਿਛਲੀ ਮਿਤੀ ਤੇ ਭੇਜ਼ ਦਿੱਤੀ ਗਈ ਸੀ। ਅੱਜ ਇਹ ਕੇਸ ਤਰੁੱਟੀਆਂ ਲਈ ਨਿਸਚਿਤ ਕੀਤਾ ਗਿਆ ਸੀ ਉਨ੍ਹਾਂ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3291/2019

ਨੂੰ ਅਪੀਲਕਰਤਾ ਵਲੋਂ ਕੋਈ ਤਰੁੱਟੀ ਪ੍ਰਾਪਤ ਨਹੀਂ ਹੋਈ। ਅਪੀਲਕਰਤਾ ਵਲੋਂ ਇਕ ਨਵੀਂ ਅਰਜੀ ਇੰਨਕੁਆਰੀ ਕਰਾਉਣ ਲਈ ਦਿੱਤੀ ਗਈ ਸੀ ਜਿਸ ਤੇ ਇੰਨਕੁਆਰੀ ਮਾਰਕ ਕਰ ਦਿੱਤੀ ਗਈ ਹੈ ਅਤੇ ਇਸ ਤਰ੍ਹਾਂ ਅਪੀਲਕਰਤਾ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ।

5. ਦੋਨਾਂ ਧਿਰਾਂ ਵਲੋਂ ਉਕਤ ਅਨੁਸਾਰ ਦਿੱਤੀਆਂ ਗਈਆਂ ਦਲੀਲਾਂ ਅਤੇ ਉਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 05 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭਾਰਤ ਭੂਸ਼ਨ ਸ਼ਰਮਾ, (98032-44555)
ਪੁੱਤਰ ਲੇਟ ਸ਼੍ਰੀ ਸੋਹਣ ਲਾਲ ਸੁਰਮਾ,
ਮਕਾਨ ਨੰ:435, ਸੈਕਟਰ -27,
ਪੰਚਕੂਲਾ-134116। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੀਨੀਅਰ ਕਪਤਾਨ, ਪੁਲਿਸ,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਸਪੈਕਟਰ ਜਨਰਲ ਆਫ ਪੁਲਿਸ,
ਰੂਪਨਗਰ। --------ਉੱਤਰਦਾਤਾ

**ਅਪੀਲ ਕੇਸ ਨੰ:2066 /2019**

**ਹਾਜ਼ਰ:-**

1) ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਭਗਵੰਤ ਸਿੰਘ, ਇੰਨੰਸਪੈਕਟਰ(94551-16038) ਸ਼੍ਰੀ ਸੁਰਿੰਦਰ ਸਿੰਘ, ਹੈਡ ਕੰਟਸਟੇਬਲ ਅਤੇ ਸ਼੍ਰੀ ਮਨਿੰਦਰ ਸਿੰਘ ਕੰਸਟੇਬਲ ( 78977-41687)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 06-02-2018, ਲੋਕ ਸੂਚਨਾ ਅਧਿਕਾਰੀ ਦਫਤਰ ਸੀਨੀਅਰ ਕਪਤਾਨ, ਪੁਲਿਸ, ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਾਲ 2012 ਦੌਰਾਨ ਐਸ.ਪੀ. ਸਿਟੀ ਰਾਹੀਂ ਕੀਤੀਆਂ ਗਈਆਂ ਪੜਤਾਲਾਂ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 10-06-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਨਿਸਚਿਤ ਮਿਤੀਆਂ ਨੂੰ ਹੋਈ ਕਾਰਵਾਈ ਉਪਰੰਤ ਅਗਲੀ ਪੇਸ਼ੀ ਦੀ ਮਿਤੀ 15-10-2019 ਨਿਸਚਿਤ ਕੀਤੀ ਗਈ ਸੀ।

2. ਪਿਛਲੀ ਮਿਤੀ 15-10-2019 ਨੂੰ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਸੁਰਿੰਦਰ ਸਿੰਘ, ਹੈਡ ਕੰਸਟੇਬਲ ਪੇਸ਼ ਹੋਇਆ। ਉਸ ਵਲੋਂ ਜ਼ੋ ਜਵਾਬ ਲਿਆਂਦਾ ਗਿਆ ਸੀ ਮੁਕੰਮਲ ਨਹੀਂ ਸੀ। ਉੱਤਰ ਤਸਲੀਬਖਸ਼ ਨਾ ਹੋਣ ਕਾਰਨ ਕਮਿਸ਼ਨ ਵਲੋਂ ਸੰਤੁਸ਼ਟੀ ਨਹੀਂ ਪ੍ਰਗਟਾਈ ਗਈ । ਉੱਤਰਦਾਤਾ ਵਲੋਂ ਹੋਰ ਸਮੇ ਦੀ ਮੰਗ ਕੀਤੀ ਗਈ , ਕਮਿਸ਼ਨ ਵਲੋਂ ਉਤਰਦਾਤਾ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਉਸਨੂੰ ਆਖਰੀ ਮੌਕਾ ਦਿੱਤਾ ਗਿਆ, ਅਗਲੀ ਪੇਸ਼ੀ ਦੀ ਮਿਤੀ ਤੇ ਹਰ ਹਾਲਤ ਵਿਚ ਬਣਦੀ ਸੂਚਨਾ ਮੁਹੱਈਆ ਕਰਵਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਹਾਜ਼ਰ, ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ 02 ਨੁਕਤਿਆਂ ਸਬੰਧੀ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਬਾਕੀ 02 ਨੁਕੱਤਿਆ ਸਬੰਧੀ ਅਜੇ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਭਗਵੰਤ ਸਿੰਘ, ਇੰਨੰਸਪੈਕਟਰ, ਸ਼੍ਰੀ ਸੁਰਿੰਦਰ ਸਿੰਘ, ਹੈਡ ਕੰਟਸਟੇਬਲ ਅਤੇ ਸ਼੍ਰੀ ਮਨਿੰਦਰ ਸਿੰਘ ਕੰਸਟੇਬਲ ਅੱਜ ਪੇਸ਼ੀ ਤੇ ਹਾਜ਼ਰ ਹੋਏ। ਉਨ੍ਹਾਂ ਵਲੋਂ ਕਮਿਸ਼ਨ ਨੂੰ ਪੱਤਰ ਨੰ: 64620/ਜੀ/

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:2066 /2019**

ਆਰ.ਟੀ.ਆਈ. , ਮਿਤੀ 04-11-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ, ਇਸ ਨਾਲ ਨੱਥੀ ਪੱਤਰ ਨੰ:4378/ 5ਏ/ਡੀ.ਐਸ.ਪੀ. ਖਰੜ-1 ਮਿਤੀ 02-11-2019 ਪੇਸ਼ ਕੀਤਾ ਗਿਆ, ਇਹ ਪੰਤਰ ਵੀ ਕਮਿਸ਼ਨ ਨੂੰ ਸੰਬੋਧਤ ਹੈ। ਦੋਵੇਂ ਪੱਤਰ ਮਿਸਲ ਤੇ ਰੱਖ ਲਏ ਗਏ ਹਨ।

5. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਉਪਰੰਤ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਆਪਣੇ ਪੱਤਰ ਮਿਤੀ 02-11-2019 ਵਿਚ ਵਿਸਥਾਰਪੂਰਵਕ ਵੇਰਵਾ ਦਿੰਦੇ ਹੋਏ ਦਸਿਆ ਗਿਆ ਹੈ ਕਿ ਕੁਲ 04 ਦਰਖਾਸਤਾਂ ਸਨ ਜਿਨ੍ਹਾਂ ਵਿਚੋਂ 02 ਸਬੰਧੀ ਉਸਨੂੰ ਸੂਚਨਾ ਦੇ ਦਿੱਤੀ ਗਈ ਹੈ ਅਤੇ ਬਾਕੀ 02 ਦਰਖਾਸਤਾਂ ਸਬੰਧੀ ਪੜਤਾਲੀਆ ਅਧਿਕਾਰੀ ਦੀ ਮੋਤ ਹੋ ਜਾਣ ਕਾਰਨ ਰਿਕਾਰਡ ਉਪਲਭਧ ਨਹੀਂ ਹੋ ਸਕਿਆ। ਇਸ ਸਬੰਧੀ ਅਪੀਲਕਰਤਾ ਨੂੰ ਵੀ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਭਰੋਸਾ ਦਿੱਤਾ ਕਿ ਜੇ ਹੋਰ ਰਿਕਾਰਡ ਜ਼ੋ ਉਨ੍ਹਾਂ ਪਾਸ ਇਸ ਕੇਸ ਨਾਲ ਸਬੰਧਤ ਉਪਲਭਧ ਹੈ ਇਨੰਸਪੈਕਸਨ ਕਰਕੇ ਲੈ ਸਕਦਾ ਹੈ। ਕਮਿਸ਼ਨ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵਲੋਂ ਅਪੀਲਕਰਤਾ ਨੂੰ ਦਿੱਤੀ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 05 **ਨਵੰਬਰ** , 2019.